# ਸ੍ਰੀ ਗੁਰੂ ਤੇਗ਼ ਬਹਾਦਰ ਜੀ : ਹਿੰਦ ਦੀ ਚਾਦਰ

**ਡਾ. ਸੰਦੀਪ ਕੌਰ**

**ਸਹਾਇਕ ਪ੍ਰੋਫ਼ੈਸਰ**

**ਲਾਇਲਪੁਰ ਖਾਲਸਾ ਕਾਲਜ ਜਲੰਧਰ।**

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸਮੁੱਚਾ ਮਾਨਵਵਾਦੀ ਤੇ ਲਾਸਾਨੀ ਸੰਘਰਸ਼ ਕਿਸੇ ਇਕ ਫਿਰਕੇ, ਕੁਨਬੇ, ਇਲਾਕੇ ਤੇ ਸਿਆਸੀ ਸੀਮਾਵਾਂ ਤੋਂ ਹਟ ਕੇ ਅਨਿਆਂ ਦੇ ਖਿਲਾਫ਼ ਸੱਚਾਈ ਦੀ ਆਵਾਜ਼ ਬੁਲੰਦ ਕਰਨ ਦੇ ਨਾਲ ਸਿੱਧੇ ਰੂਪ ਵਿੱਚ ਜਾ ਜੁੜਦਾ ਹੈ। 'ਗੁਰੂ ਤੇਗ਼ ਬਹਾਦਰ ਜੀ: ਹਿੰਦ ਦੀ ਚਾਦਰ' ਦਾ ਇਹ ਬਿਆਨ ਵੀ ਅਧੂਰਾ ਜਾਪਦਾ ਹੈ ਕਿਉਂਕਿ ਹਿੰਦ ਇਕ ਖਿੱਤਾ ਹੈ ਜਿਸਦਾ ਆਕਾਰ ਇਤਿਹਾਸ ਵਿਚ ਕਈ ਵਾਰ ਬਦਲਿਆ ਹੈ ਅਤੇ ਭਵਿੱਖ ਵਿਚ ਹੋਰ ਨਹੀਂ ਬਦਲੇਗਾ ਇਹ ਵੀ ਦਾਅਵਾ ਨਹੀਂ ਕੀਤਾ ਜਾ ਸਕਦਾ। ਹਿੰਦ ਤੋਂ ਹਿੰਦੋਸਤਾਨ ਇਸ ਤੋਂ ਵੀ ਅੱਗੇ ਹਿੰਦੂ ਧਰਮ ਨਾਲ ਜੋੜ ਕੇ ਇਸ ਦੇ ਅਰਥਾਂ ਨੂੰ ਹੋਰ ਵੀ ਛੋਟਾ ਕਰ ਦਿੱਤਾ ਜਾਂਦਾ ਹੈ।। ਇਸੇ ਪ੍ਰਸੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ 52 ਕਵੀਆਂ ਚੋਂ ਇਕ ਬਹੁਤ ਹੀ ਮਹੱਤਵਪੂਰਨ ਸ਼ਾਇਰ ਸੈਨਾਪਤਿ 'ਸ੍ਰੀ ਗੁਰੂ ਸੋਭਾ' ਦਾ ਇਕ ਸ਼ੇਅਰ ਜਿਆਦਾ ਢੁੱਕਵਾਂ ਜਾਪਦਾ ਹੈ :

ਪ੍ਰਗਟ ਭਏ ਗੁਰ ਤੇਗ਼ ਬਹਾਦਰ।

ਸਗਲ ਸ੍ਰਿਸਟ ਪੈ ਢਾਪੀ ਚਾਦਰ।

ਕਰਮ ਧਰਮ ਕੀ ਜਿਨਿ ਪਤਿ ਰਾਖੀ।

ਅਟਲ ਕਰੀ ਕਲਜੁਗ ਮੈਂ ਸਾਖੀ।[1]

ਉਪਰੋਕਤ ਸੈਨਾਪਤਿ ਦੇ ਸ਼ਿਅਰ ਤੋਂ ਸਪਸ਼ੱਟ ਹੁੰਦਾ ਹੈ ਕਿ ਗੁਰੂ ਜੀ ਦੀ ਸ਼ਹਾਦਤ ਦਾ ਕਿਸੇ ਰਾਸ਼ਟਰ, ਧਰਮ ਜਾਂ ਸਥਾਨ ਨਾਲ ਕੋਈ ਸੰਬੰਧ ਨਹੀਂ ਸਗੋਂ ਗੁਰੂ ਸਾਹਿਬ ਨੇ ਆਪਣੇ ਬਲੀਦਾਨ ਰਾਹੀਂ ਕਰਮ ਅਤੇ ਸਰਬ ਧਰਮ ਦਾ ਕਲਯੁਗ ਵਿੱਚ ਪ੍ਰਤੱਖ ਰੂਪ ਪ੍ਰਗਟ ਕਰ ਦਿੱਤਾ। ਗੁਰੂ ਲਈ ਹਿੰਦੂ ਅਤੇ ਮੁਸਲਮਾਨ ਇੱਕ ਪਰਿਵਾਰ ਹਨ। ਨਹੀਂ ਤਾਂ ਲੋਕਾਂ ਨੇ ਧਰਮ ਨੂੰ ਕਰਮ ਬਣਾ ਲਿਆ ਸੀ ਮਤਲਬ ਧਰਮ ਨੂੰ ਹੀ ਧੰਦਾ ਬਣਾ ਲਿਆ ਸੀ ਪਰ ਗੁਰੂ ਸਾਹਿਬ ਆਪਣੀ ਕੁਰਬਾਨੀ ਨਾਲ ਕਰਮ ਨੂੰ ਫਿਰ ਧਰਮ ਤੋਂ ਸ਼੍ਰੇਸਠ ਸਥਾਨ ਦੇ ਦਿੰਦੇ ਹਨ। ਸੋ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਉਸੇ ਹੀ ਆਸ਼ੇ ਦੇ ਅਨੁਕੂਲ ਹੈ ਜਿਸ ਨੂੰ ਮੁਖ ਰੱਖ ਕੇ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਬੁਨਿਆਦ ਰੱਖੀ ਸੀ। ਇਥੇ ਇਹ ਕਹਿਣਾ

ਤਰਕਸੰਗਤ ਨਹੀਂ ਹੋਵੇਗਾ ਕਿ ਉਹਨਾਂ ਨੇ ਪੀੜਤ ਬ੍ਰਾਹਮਣਾ ਦੇ ਦੁੱਖ ਤੋਂ ਪ੍ਰਭਾਵਿਤ ਹੋ ਕੇ ਔਰੰਗਜ਼ੇਬ ਦੇ ਜ਼ੁਲਮ ਵਿਰੁੱਧ ਆਵਾਜ਼ ਉਠਾਈ ਸੀ ਤਾਂ ਜੇਕਰ ਉਨ੍ਹਾਂ ਦੀ ਥਾਂ ਅਜਿਹਾ ਜ਼ਬਰ ਜ਼ੁਲਮ ਮੁਸਲਮਾਨਾਂ ਨਾਲ ਵੀ ਹੋਇਆ ਹੁੰਦਾ ਤਾਂ ਉਨ੍ਹਾਂ ਨੇ ਉਹੀ ਸੋਚ ਉਪਰ ਪਹਿਰਾ ਦਿੰਦਿਆਂ ਆਪਣੀ ਆਵਾਜ਼ ਉਸ ਹੁਕਮਰਾਨ(ਭਾਵੇਂ ਉਹ ਹਿੰਦੂ ਹੀ ਕਿਉਂ ਨਾ ਹੁੰਦਾ) ਧਿਰ ਖ਼ਿਲਾਫ਼ ਵੀ ਉਠਾਉਣੀ ਸੀ, ਜਿਹੜੀ ਧਿਰ ਉਹਨਾਂ ਨੂੰ ਜ਼ਬਰ ਜ਼ੁਲਮ ਜਾਂ ਧੱਕਾਸ਼ਾਹੀ ਕਰ ਰਹੀ ਹੁੰਦੀ।

ਇਸ ਤਰ੍ਹਾਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸਨਮਾਨ ਵਿਚ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿੱਤਰ ਨਾਟਕ' ਵਿੱਚ ਲਿਖੀ ਟਿੱਪਣੀ ਬਹੁਤ ਡੂੰਘੇ ਅਰਥਾਂ ਦੀ ਧਾਰਨੀ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ।।

ਕੀਨੋ ਬਡੋ ਕਲੂ ਮਹਿ ਸਾਕਾ।।

ਧਰਮ ਹੇਤੁ ਸਾਕਾ ਜਿਨਿ ਕੀਆ।।

ਸੀਸੁ ਦੀਆ ਪਰੁ ਸਿਰਰੁ ਨ ਦੀਆ।।[2]

ਅਸੀਂ ਸਭ 'ਤਿਲਕ ਜੰਞੂ ਰਾਖਾ ਪ੍ਰਭੂ ਤਾਕਾ' ਇਸ ਸ਼ਬਦ ਨੂੰ ਕੇਂਦਰੀ ਬਿੰਦੂ ਮੰਨ ਲੈਂਦੇ ਹਾਂ ਇਸ ਤਰ੍ਹਾਂ ਕਰਕੇ ਗੁਰੂ ਸਾਹਿਬਾਨਾਂ ਦੇ ਵਿਚਾਰਧਾਰਕ ਦਾਇਰੇ ਨੂੰ ਛੋਟਾ ਕਰ ਦਿੰਦੇ ਹਾਂ, ਪਰ 'ਧਰਮ ਹੇਤੁ ਸਾਕਾ ਜਿਨਿ ਕੀਆ' ਸ਼ਬਦ ਆਪਣੇ ਅੰਦਰ ਵਡੇਰੇ ਅਰਥ ਛੁਪਾਈ ਬੈਠਾ ਹੈ। ਗੁਰੂ ਜੀ ਇਸਦੀ ਰੱਖਿਆ ਲਈ ਗੁਰੂ ਤੇਗ਼ ਬਹਾਦਰ ਦੀ ਬੇਮਿਸਾਲ ਕੁਰਬਾਨੀ ਹੈ ਤਿਲਕ ਦੇ ਜੰਞੂ ਖੁਦ ਪਹਿਨਿਆ ਨਹੀਂ ਹਿੰਦੂਆਂ ਨੂੰ ਹੱਕ ਦਵਾਉਣ ਵਾਸਤੇ ਆਪਣੀ ਜਾਨ ਕੁਰਬਾਨ ਕੀਤੀ।

ਧਰਮ ਕੀ ਹੈ ? ਅਸੀਂ ਅਕਸਰ ਧਰਮ ਅਤੇ ਰੱਬ ਜਾਂ ਅਧਿਆਤਮ ਦੇ ਵਿਸ਼ੇ ਨੂੰ ਰੱਲਗੱਡ ਕਰ ਦਿੰਦੇ ਹਾਂ। ਅਧਿਆਤਮ ਆਤਮਾ ਅਤੇ ਪਰਮਾਤਮਾ ਦੇ ਸੰਬੰਧਾਂ ਦਾ ਨਾਂ ਹੈ ਅਤੇ ਧਰਮ ਸਾਨੂੰ ਸੱਚ ਦਾ ਆਭਾਸ ਕਰਾਉਂਦਾ ਹੈ ਜਦਕਿ ਅਧਿਆਤਮ ਇਸ ਸੱਚ ਦੀ ਭਾਲ ਦਾ ਮਾਰਗ ਹੈ। ਦੁਨੀਆਂ ਵਿੱਚ ਅਨੇਕਾਂ ਹੀ ਧਰਮ ਹਨ ਸਭ ਧਰਮ ਇਕ ਦੂਜੇ ਤੋਂ ਆਪਣੇ ਧਰਮ ਨੂੰ ਸਰਵੋਤਮ ਮੰਨਦੇ ਹਨ ਪਰ ਅਧਿਆਤਮ ਇਨ੍ਹਾਂ ਸਭ ਧਰਮਾਂ ਵਿੱਚ ਸੱਚ ਨੂੰ ਦੇਖਦਿਆਂ ਸਾਰੇ ਧਰਮਾਂ ਨੂੰ ਇਕ ਜੁੱਟ ਕਰਦਾ ਹੈ ਕਿਉਂਕਿ ਦੁਨਿਆਵੀਂ ਭਿੰਨ ਭੇਦਾਂ ਅਤੇ ਵਿਲੱਖਣਤਾਵਾਂ ਦੇ ਬਾਵਜੂਦ ਸੱਚ ਸਭ ਧਰਮਾਂ ਦੀ ਸਾਂਝੀ ਇਕਾਈ ਹੈ। ਸਾਡੇ ਸਿੱਖ ਗੁਰੂ ਸਾਹਿਬਾਨ ਧਰਮ ਨੂੰ ਜਿਸ ਨਜ਼ਰੀਏ ਨਾਲ ਪਰਿਭਾਸ਼ਤ ਕਰਦੇ ਹਨ ਉਹਨਾਂ ਅਨੁਸਾਰ ਧਰਮ ਸਾਂਝੀਵਾਲਤਾ, ਮਾਨਵਤਾ ਅਤੇ ਇਕ ਰੱਬ ਨੂੰ ਮੰਨਣ ਵਾਲਾ ਧਰਮ ਹੈ। ਸੱਚ ਦੇ ਮਾਰਗ ਤੇ ਚਲਣਾ, ਨਫ਼ਸ ਨੂੰ

ਮਾਰਨਾ, ਦਇਆ, ਪਰਉਪਕਾਰ, ਨੇਕੀ, ਸਦਾਚਾਰੀ ਤੇ ਨੈਤਿਕ ਜੀਵਨ ਜਾਂਚ, ਨਿਰਵੈਰਤਾ ਤੇ ਸਮਵੇਤਾ ਹੋਣ ਦੇ ਨਾਲ ਕਿਰਤ ਵਿਚੋਂ ਰੱਬ ਦੀ ਭਾਲ ਕੁਝ ਸਿਧਾਂਤ ਹਨ ਜੋ ਗੁਰੂ ਸਾਹਿਬਾਨ ਨੂੰ ਪਰੰਪਰਾਂ 'ਚੋਂ ਪ੍ਰਾਪਤ ਹੋਏ ਸਨ। ਜੇਕਰ ਅਸੀਂ ਇਹਨਾਂ ਸਿਧਾਂਤਾਂ ਤੋਂ ਅੰਦਾਜ਼ਾ ਲਗਾ ਕੇ ਇਹ ਕਹੀਏ ਕਿ ਨਾਨਕ ਮੱਤ ਜਾਂ ਸਿੱਖ ਮੱਤ ਪਰੰਪਰਾ ਦਾ ਵਿਸਤਾਰ ਹੈ ਤਾਂ ਅਸੀਂ ਇਸ ਵਿਸਤਾਰਤਾ ਦੀ ਲਗਾਤਾਰਤਾ ਵਿੱਚ ਹੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ ਵੀ ਪਰਿਭਾਸ਼ਿਤ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਸੋ ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਸਾਹਮਣੇ ਮਸਲਾ ਹਿੰਦੂ-ਮੁਸਲਮਾਨ ਜਾਂ ਸਨਾਤਨ ਧਰਮ ਇਸਲਾਮ ਦਾ ਨਹੀਂ ਸੀ। ਮਸਲਾ ਤਾਂ ਮਨੁੱਖ ਦੀ ਸੁੰਤਤਰਤਾ ਦਾ ਸੀ, ਆਪਣੀ ਮਰਜੀ ਨਾਲ ਅਕੀਦਾ ਚੁਣਨ ਦਾ ਸੀ ਗੁਰੂ ਸਾਹਿਬ ਆਪਣੀ ਸ਼ਹਾਦਤ ਨਾਲ ਉਹਨਾਂ ਪਰੰਪਰਾਵਾਂ ਨੂੰ ਵੀ ਨਿਭਾ ਰਹੇ ਸਨ, ਜਿਹੜੀਆਂ ਸਿੱਖ ਫ਼ਿਲਾਸਫ਼ੀ ਵਿੱਚ ਪਹਿਲਾ ਹੀ ਮੌਜੂਦ ਸਨ। ਕ੍ਰਮਵਾਰ ਫ਼ਰੀਦ ਜੀ ਅਤੇ ਕਬੀਰ ਜੀ ਦੀ ਬਾਣੀ ਵੇਖ ਸਕਦੇ ਹਾਂ ਜੋ ਸੂਰਬੀਰਾਂ ਦੀ ਮੌਤ ਮਰਨ ਦਾ ਜ਼ਿਕਰ ਰਹੇ ਹਨ:

ਫ਼ਰੀਦਾ ਬਾਰਿ ਪਰਾਇ ਬੈਸਣਾ ਸਾਂਈ ਮੁਝੇ ਨਾ ਦੇਹਿ।।

ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।।[3]

ਜਾਂ

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।।[4]

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਇਸ ਪਰੰਪਰਾ ਨੂੰ ਚਲਾਉਂਦੇ ਹੀ ਨਹੀਂ ਸਗੋਂ ਇਸ ਤੇ ਪਹਿਰਾ ਵੀ ਦਿੰਦੇ ਹਨ ਕਿ ਹਕੂਮਤ ਕਰਨ ਵਾਲਿਆਂ ਨੂੰ ਜਵਾਬਦੇਹ ਵੀ ਹੋਣਾ ਚਾਹੀਦਾ ਹੈ। ਉਸ ਨੂੰ ਆਪਣੇ ਜੀਵਨ ਵਿੱਚ ਨੈਤਿਕ ਗੁਣਾਂ ਤੇ ਪੂਰੇ ਉਤਰਣਾ ਚਾਹੀਦਾ ਹੈ। ਇਸ ਮਨੋਰਥ ਲਈ ਉਹ ਜਾਨ ਕੁਰਬਾਨ ਕਰਨ ਤੋਂ ਵੀ ਨਹੀਂ ਡਰਦਾ, ਚੰਗੇ ਕੰਮਾਂ ਲਈ ਹਰ ਖਤਰਾ ਮੁੱਲ ਲੈਣ ਵਾਸਤੇ ਤਿਆਰ ਰਹਿੰਦਾ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ ।।

ਸਿਰੁ ਧਰਿ ਤਲੀ ਗਲੀ ਮੇਰੀ ਆਉ ।।

ਇਤੁ ਮਾਰਗਿ ਪੈਰੁ ਧਰੀਜੈ ।।

ਸਿਰੁ ਦੀਜੈ ਕਾਣਿ ਨ ਕੀਜੈ ।।[5]

ਉਪਰੋਕਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬਾਨ ਆਪਣੇ ਸਮਕਾਲੀ ਸਮਾਜ ਦੇ ਸੰਕਟਾਂ ਪ੍ਰਤੀ ਕਿੰਨੇ ਸੰਵੇਦਨਸ਼ੀਲ ਸਨ ਅਤੇ ਉਨ੍ਹਾਂ ਨੇ ਇੰਨਾਂ ਸੰਕਟਾਂ ਅਤੇ ਘਟਨਾਵਾਂ ਪ੍ਰਤੀ ਕਿਵੇਂ ਪ੍ਰਤੀਕਰਮ ਦਿੱਤੇ। ਇਨ੍ਹਾ ਪ੍ਰਤੀਕਰਮਾਂ ਵਿੱਚੋਂ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ ਬੀਜ ਮਿਲ ਜਾਂਦੇ ਹਨ। ਵੇਲੇ ਦੇ ਹੁਕਮਰਾਨਾਂ ਦੇ ਵਿਹਾਰ ਬਾਰੇ ਗੁਰੂ ਨਾਨਕ ਸਾਹਿਬ ਦੇ ਬਾਣੀ ਵਿੱਚ ਨਿਡਰ ਹੋ ਕੇ ਅਨੇਕਾ ਹੀ ਹਵਾਲੇ ਦਿੱਤੇ ਹਨ ਜਿਵੇ 'ਰਾਜੇ ਸੀਹ ਮੁਕਦਮ ਕੁੱਤੇ ।। ਜਾਇ ਜਗਾਇਨ ਬੈਠੇ ਸੁੱਤੇ ।।' ਗੁਰੂ ਸਾਹਿਬਾਨ ਸਮੁੱਚੀ ਲੋਕਾਈ ਨੂੰ ਵੇਲੇ ਦੀ ਹਕੂਮਤ ਪ੍ਰਤੀ ਜਾਗੂਰਕ ਵੀ ਕਰਦੇ ਹਨ ਅਤੇ ਲੋਕਾਂ ਦਾ ਹੌਂਸਲਾ ਵੀ ਨਹੀਂ ਟੁੱਟਣ ਦੇਂਦੇ ਸਗੋਂ ਉਹਨਾਂ ਨੂੰ ਨਿਡਰ ਅਤੇ ਹਰ ਤਰ੍ਹਾਂ ਦੇ ਭੈਅ ਤੋਂ ਮੁਕਤ ਕਰਦੇ ਹਨ। ਗੁਰੂ ਨਾਨਕ ਬਾਬਰ ਦੀਆਂ ਫੌਜਾਂ ਦੁਆਰਾ ਲੋਕਾਈ ਤੇ ਕੀਤੇ ਅੱਤਿਆਚਾਰ ਖਿਲਾਫ਼ ਆਵਾਜ਼ ਉਠਾਉਣ ਵਾਲੇ ਪਹਿਲੇ ਧਾਰਮਿਕ ਰਹਿਬਰ ਹਨ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ।।

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ।।

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ।।[6]

ਦਰਅਸਲ ਗੁਰੂ ਸਾਹਿਬਾਨ ਮੌਜੂਦਾ ਸਮੇਂ ਦੇ ਪ੍ਰਚਲਿਤ ਮੁਹਾਵਰੇ ਅਤੇ ਭਾਸ਼ਾ ਦੀ ਵਰਤੋਂ ਰਾਹੀਂ ਆਮ ਮਨੁੱਖ ਨੂੰ ਸੰਬੋਧਿਤ ਹੋ ਰਹੇ ਸਨ ਅਤੇ ਪ੍ਰਚਲਿਤ ਮਿੱਥਾਂ ਦਾ ਰੂਪਾਂਤਰਨ ਕਰਕੇ ਮਾਨਵ ਨੂੰ ਇੱਕ ਨਵੀਂ ਅਤੇ ਨਿੱਗਰ ਸੋਚ ਨਾਲ ਜੋੜ ਰਹੇ ਸਨ। ਇਸ ਨਵੀਂ ਸੋਚ ਵਿਚ ਧਰਮ ਨਾਲੋਂ ਵੀ ਵੱਧ ਨੈਤਿਕ ਜੀਵਨ ਦੀ ਮਹੱਤਤਾ ਉੱਤੇ ਜ਼ੋਰ ਹੈ। ਸਮਾਂ ਪਾ ਕੇ ਧਰਮਾਂ ਵਿੱਚ ਨੈਤਿਕਤਾ ਦੇ ਅਰਥ ਬਦਲਦੇ ਰਹੇ ਹਨ ਅਤੇ ਹੌਲੀ ਹੌਲੀ ਧਰਮ ਦੇ ਆਗੂ ਜਾਂ ਦਾਅਵੇਦਾਰ ਕਰਮ ਕਾਂਡਾਂ ਦਾ ਅਜਿਹਾ ਪ੍ਰਚਲਨ ਕਰਦੇ ਹਨ ਕਿ ਉਹੀ ਕਰਮ-ਕਾਂਡੀ ਵਿਧੀਆਂ ਨੈਤਿਕਤਾ ਦਾ ਸਥਾਨ ਗ੍ਰਹਿਣ ਕਰ ਜਾਂਦੀਆਂ

ਹਨ। ਗੁਰੂ ਨਾਨਕ ਦੇਵ ਜੀ 'ਆਸਾਂ ਦੀ ਵਾਰ' ਵਿੱਚ ਇਨ੍ਹਾਂ ਧਾਰਮਿਕ ਪਾਖੰਡਾਂ ਦਾ ਖੰਡਨ ਕਰਦੇ ਦੋਵੱਲਾ ਸੰਬਾਦ ਵੀ ਰਚਾ ਰਹੇ ਹਨ:

ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਆਪਾਰੁ।।

ਤੀਰਥ ਨਾਵਹਿ ਅਰਚਾ ਪੂਜਾ ਅਵਰ ਵਾਸੁ ਬਹੁਕਾਰ।।

ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮ ਕਰਤਾਰ।।

ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ।।

ਗੁਰੂ ਸਾਹਿਬਾਨ ਸਹੀ ਜੀਵਨ ਜਾਂਚ ਤੇ ਬਲ ਦਿੰਦਿਆਂ ਮਨੁੱਖਤਾ ਨੂੰ ਪ੍ਰੇਮ ਅਤੇ ਮਾਨਵਵਾਦ ਦਾ ਪਾਠ ਪੜ੍ਹਾਉਂਦੇ ਹਨ। ਪ੍ਰੇਮ ਅਤੇ ਮਾਨਵਵਾਦ ਸਿੱਖ ਦਰਸ਼ਨ ਦਾ ਕੇਂਦਰੀ ਧੁਰਾ ਹੈ ਅਤੇ ਇਸ ਵਿਚੋਂ ਹੀ ਨੈਤਿਕ ਵਿਹਾਰ ਉਪਜਦਾ ਹੈ। ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਦਰਸ਼ਨ ਨੂੰ ਇਸ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਸਮਝਣ ਅਤੇ ਕਾਰਣਾਂ ਤੋਂ ਸੋਝੀ ਪੈਂਦੀ ਹੈ। ਸਿੱਖ ਵਿਚਾਰਧਾਰਾ ਦਾ ਆਰੰਭ ਹੀ ਆਪਣੇ ਤੋਂ ਪੂਰਵਲੇ ਅਤੇ ਸਮਕਾਲੀ ਧਾਰਮਿਕ ਅਤੇ ਰਾਜਨੀਤਕ ਪ੍ਰਬੰਧਾਂ ਨਾਲ ਵਿਚਾਰਧਾਰਕ ਟਕਰਾਉ ਵਿਚੋਂ ਹੁੰਦਾ ਹੈ। ਇਹ ਟਕਰਾਉ ਬ੍ਰਾਹਮਣਵਾਦ ਨਾਲ ਹੈ, ਮੁਲਾਣਿਆਂ ਨਾਲ ਹੈ ਅਤੇ ਨਾਥਾਂ ਜੋਗੀਆਂ ਨਾਲ ਵੀ ਹੈ। ਗੁਰੂ ਸਾਹਿਬਾਨ ਦਾ ਬ੍ਰਾਹਮਣਵਾਦ ਨਾਲ ਵਿਰੋਧ ਵਿਚਾਰਧਾਰਕ ਪੱਧਰ ਤੱਕ ਹੀ ਰਹਿੰਦਾ ਹੈ। ਦੂਜੇ ਪਾਸੇ ਮੁਸਲਮਾਨ ਹਾਕਮਾਂ ਦੇ ਆਗਮਨ ਤੇ ਉਨ੍ਹਾਂ ਦੀ ਹਕੂਮਤ ਦੀ ਸਥਾਪਨਾ ਨਾਲ ਇਕ ਪਾਸੇ ਰਾਜਸੀ ਜ਼ੋਰ ਤੇ ਤੇਜ ਅਤੇ ਦੂਜੇ ਪਾਸੇ ਇਸਲਾਮੀ ਧਾਰਮਿਕ ਪ੍ਰਚਾਰਕ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲੱਗ ਪਏ ਸਨ।

ਉਸ ਸਮੇਂ ਦੌਰਾਨ ਗੁਰੂ ਤੇਗ਼ ਬਹਾਦਰ ਜੀ ਨੇ ਸ਼ਹਾਦਤ ਦਾ ਫ਼ੈਸਲਾ ਸਿਰਫ਼ ਕਸ਼ਮੀਰੀ ਪੰਡਤਾਂ ਦੀ ਬੇਨਤੀ ਕਰਨ 'ਤੇ ਤਿਲਕ ਜੰਞੂ ਦੀ ਰਾਖੀ ਕਰਨ ਤੇ ਹੀ ਨਹੀਂ ਲਿਆ ਸੀ, ਇਸ ਨੂੰ ਗੰਭੀਰਤਾ ਨਾਲ ਸਮਝਣ ਲਈ ਉਸ ਸਮੇਂ ਦੇ ਰਾਜਨੀਤਕ, ਧਾਰਮਿਕ, ਸਮਾਜਿਕ ਪਿਛੋਕੜ ਤੇ ਝਾਤ ਮਾਰਨੀ ਬਹੁਤ ਜ਼ਰੂਰੀ ਹੈ। ਧੀਰਮੱਲੀਏ ਅਤੇ ਮੀਣਿਆਂ ਦਾ ਵਰਤਾਰਾ ਸਿੱਖ ਧਰਮ ਦੇ ਅੰਦਰਲੇ ਗੰਭੀਰ ਸੰਕਟਾਂ ਦਾ ਸੰਕੇਤ ਹੈ । ਗੁਰੂ ਤੇਗ਼ ਬਹਾਦਰ ਜੀ ਤੋਂ ਬਿਨ੍ਹਾਂ ਕਿਸੇ ਵੀ ਗੁਰੂ ਸਾਹਿਬਾਨ੍ਹ ਨੂੰ ਅਜਿਹੇ ਅੰਦਰੂਨੀ ਸੰਕਟ ਵਿਚੋਂ ਨਹੀਂ ਗੁਜਰਨਾ ਪਿਆ। ਗੁਰੂ ਸਾਹਿਬ ਨੂੰ ਗੁਰਗੱਦੀ ਉਪਰੰਤ ਧੀਰਮੱਲੀਏ ਗੁਰੂ ਸਾਹਿਬ ਉਪਰ ਗੋਲੀ ਚਲਾਉਂਦੇ ਹਨ ਅਤੇ ਲੁੱਟਮਾਰ ਕਰਦੇ ਹਨ ਤਾਂ ਦੂਜੇ ਪਾਸੇ ਮੀਣੇ ਜਿਹਨਾਂ ਨੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਦਰਵਾਜ਼ੇ ਗੁਰੂ ਤੇਗ਼ ਬਹਾਦਰ ਜੀ ਲਈ ਬੰਦ ਕਰ ਦਿੱਤੇ। ਧੀਰ ਮੱਲ ਅਤੇ ਰਾਮ ਰਾਇ ਦੋਹਾਂ ਨੂੰ ਮਸੰਦਾਂ ਦੀ ਹਮਾਇਤ ਪ੍ਰਾਪਤ ਸੀ ਤੇ ਉਹ ਯਕੀਨੀ ਤੌਰ ਤੇ ਸਥਾਪਤੀ ਪੱਖੀ ਸਨ। ਇਉਂ ਗੁਰੂ ਤੇਗ਼ ਬਹਾਦਰ ਜੀ ਨੂੰ

ਗੁਰੂਗੱਦੀ ਮਿਲਣੀ ਹੀ ਸੱਤਾ ਵਿਰੋਧੀ ਸੀ। ਡਾ. ਜੇ. ਐੱਸ. ਗਰੇਵਾਲ ਦੇ ਕਥਨ ਅਨੁਸਾਰ "1664 ਈਸਵੀ ਵਿਚ ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸਿੱਖਾਂ ਦੀ ਗੁਰਿਆਈ ਸਵੀਕਾਰ ਕਰਨੀ ਔਰੰਗਜੇਬ ਦੀ ਇੱਛਾ ਦੇ ਖਿਲਾਫ਼ ਜਾਣ ਵਾਲੀ ਗੱਲ ਸੀ। ਗੁਰੂ ਤੇਗ਼ ਬਹਾਦਰ ਜੀ ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਇਸ ਲਈ ਉਹਨਾਂ ਦਾ ਗੁਰਿਆਈ ਦਾ ਪਦ ਧਾਰਨ ਕਰਨਾ ਵੱਡੇ ਹੌਂਸਲੇ ਵਾਲਾ ਕੰਮ ਸੀ ਅਤੇ ਨਿਰਸੰਦੇਹ ਔਰੰਗਜ਼ੇਬ ਦੀ ਨਾਰਾਜ਼ਗੀ ਮੁੱਲ ਲੈਣਾ ਸੀ।"[7]

ਇਹੋ ਇਤਿਹਾਸਕ ਤੌਰ ਤੇ ਉਹ ਸਥਿਤੀ ਬਹੁਤ ਵੰਗਾਰ ਭਰੀ ਸੀ ਜਦੋਂ ਗੁਰੂ ਤੇਗ਼ ਬਹਾਦਰ ਜੀ ਸਿੱਖ ਧਰਮ ਦੀ ਅਗਵਾਈ ਕਰਦੇ ਹਨ। ਇਹ ਵੰਗਾਰ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਅਲੱਗ ਕਰਕੇ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਭੱਟ ਵਹੀਆਂ ਵਿਚੋਂ ਮਿਲਦੇ ਵੇਰਵੇ ਇਸ ਤੱਥ ਦੀ ਜਾਣਕਾਰੀ ਦਿੰਦੇ ਹਨ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਪਹਿਲਾ ਵੀ ਮੁਗਲ ਸਲਤਨਤ ਨੇ ਉਨ੍ਹਾਂ ਨੂੰ ਕਈ ਵਾਰ ਗ੍ਰਿਫ਼ਤਾਰ ਕੀਤਾ ਸੀ। "ਏਕ ਸਿੱਖ ਭੰਨਾ ਭੰਨਾ (ਦੌੜਿਆ ਦੌੜਿਆ) ਗੁਰੂ ਜੀ ਦੇ ਪਾਸ ਆਇਆ, ਇਸੇ ਹਾਥ ਬਾਂਧ ਬੇਨਤੀ ਕੀ, ਮਹਾਰਾਜ ਤੁਰਕ ਚੌਂਕੀ ਜਹਾਂ ਸੇ ਨੇੜੇ ਹੈ, ਚਲੇ ਜਾਨਾ ਚਾਹੀਏ। ਗੁਰੂ ਜੀ ਨੇ ਕਹਾ, ਭਾਈ ਸਿੱਖਾ ਕਰਤਾਰ ਕੋ ਜੋ ਭਾਵੇ ਸਭ ਕਿਛ ਉਸ ਰਾਜ਼ਕ ਕੀ ਰਜ਼ਾਇ ਮੇ ਹੋਇ ਰਹਾ ਹੈ। ਇਤਨੇ ਅਰਸਾ ਮੇਂ ਚੌਂਕੀ ਕਾ ਸਰਦਾਰ ਕੂੰਏ ਤੇ ਆਇ ਗਿਆ। ਗੁਰੂ ਜੀ ਕੋ ਦੇਖ ਕੇ ਬੋਲਾ, ਜਿਸੇ ਹਮ ਖੋਜਤੇ ਥੇ, ਉਸੇ ਪਾਇ ਲੀਆਂ ਹੈ। ਸਰਦਾਰ ਨੇ ਘੋੜੇ ਤੋਂ ਉਤਰ ਕੇ ਕਹਾ, ਪੀਰ ਜੀ ਤੁਮਹੇ ਦਿਹਲੀ ਮੇਂ ਬਾਦਸ਼ਾਹ ਨੇ ਬੁਲਾਇਆ ਹੈ, ਤਿਆਰੀ ਕਰੀਏ।.....ਇਤਨਾ ਕਹਿ ਕੇ ਘੋੜੀ ਤੇ ਅਸਵਾਰ ਹੋਇ ਚੌਂਕੀ ਸਰਦਾਰ ਕੇ ਗੈਲ ਦਿਹਲੀ ਕੋ ਆਏ।....ਸੰਮਤ ਸਤਾਰਾਂ ਸੈ ਬਾਈਸ ਕ੍ਰਿਸ਼ਨਾ ਪੱਖੇ ਪੋਖ ਮਾਸ ਕੀ ਪੰਚਮੀ ਕੋ ਗੁਰੂ ਜੀ ਮਾਸ ਤੀਨ ਦਿਹੁੰ ਬੰਦੀਵਾਨ ਰਹਿ ਕੇ ਬੰਦੀਖਾਨੇ ਸੇ ਬਾਹਰ ਰਾਣੀ ਪੁਸ਼ਪਾ ਦੇਵੀ ਕੇ ਗ੍ਰਿਹਿ ਮੇਂ ਆਇ ਗਏ।"[8]

ਉਪਰੋਕਤ ਹਵਾਲੇ ਤੋਂ ਸਪਸ਼ੱਟ ਹੁੰਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਦਾ ਸਮਾਂ ਮੁਗਲ ਸਲਤਨਤ ਨਾਲ ਸਹਿਜ ਨਹੀਂ ਸਗੋਂ ਤਣਾਉ ਭਰਪੂਰ ਅਤੇ ਵੰਗਾਰ ਭਰਿਆ ਸੀ। ਇਹੋ ਵੰਗਾਰਾਂ ਉਹਨਾਂ ਦੀ ਸ਼ਹੀਦੀ ਦੇ ਠੋਸ ਇਤਿਹਾਸਕ ਕਾਰਨਾਂ ਵਿੱਚ ਸ਼ਾਮਲ ਹਨ। ਗੁਰੂ ਜੀ ਆਪਣੀ ਪੂਰਬ ਯਾਤਰਾ ਸਮੇਂ ਕੀਰਤਪੁਰ ਤੋਂ ਹੁੰਦੇ ਹੋਏ ਕੈਥਲ, ਕੁਰਕਸ਼ੇਤਰ ਦੇ ਰਸਤੇ ਦਿੱਲੀ ਪੁੱਜੇ ਜਿਥੇ ਸ਼ਰਧਾਵਾਨਾਂ ਨੇ ਉਹਨਾਂ ਦਾ ਸਵਾਗਤ ਕੀਤਾ। ਇਥੇ ਹੀ ਔਰੰਗਜ਼ੇਬ ਦੇ ਰਾਜ ਦਰਬਾਰ ਦੇ ਉੱਚ ਅਧਿਕਾਰੀ ਮਿਰਜ਼ਾ ਰਾਜਾ ਜੈ ਸਿੰਘ ਤੇ ਰਾਜਾ ਰਾਮ ਸਿੰਘ ਉਹਨਾਂ ਨੂੰ ਮਿਲੇ। ਇਸ ਤੱਥ ਬਾਰੇ ਗਿਆਨੀ ਗਰਜਾ ਸਿੰਘ ਵੀ ਜ਼ਿਕਰ ਕਰਦੇ ਹਨ "ਰਾਜਾ ਜੈ ਸਿੰਘ ਮਿਰਜਾ ਦੇ ਪੁੱਤਰ ਕੰਵਰ ਰਾਮ ਸਿੰਘ ਨੇ ਤੇਗ਼ ਬਹਾਦਰ ਜੀ ਨੂੰ ਜ਼ਮਾਨਤ ਉੱਤੇ ਰਿਹਾ ਕਰਵਾ ਕੇ ਦਿੱਲੀਉ ਬਾਹਰ ਭੇਜ ਦਿੱਤਾ, ਜਿਸ ਉੱਤੇ ਬਾਦਸ਼ਾਹ ਔਰੰਗਜ਼ੇਬ ਰਾਮ ਸਿੰਘ ਉੱਤੇ ਖਫ਼ਾ

ਹੋਇਆ।"[9] ਜਦੋਂ ਗੁਰੂ ਤੇਗ਼ ਬਹਾਦਰ ਜੀ ਬੰਗਾਲ ਸਨ ਤਾਂ ਉਸ ਸਮੇਂ ਅਸਾਮੀ ਰਾਜੇ ਦੇ ਵਿਰੁੱਧ ਔਰੰਗਜ਼ੇਬ ਨੇ ਮਿਰਜ਼ਾ ਰਾਜਾ ਰਾਮ ਨੂੰ ਕਾਫ਼ੀ ਫ਼ੌਜ ਤੇ ਜੰਗੀ ਸਮਾਨ ਦੇ ਕੇ ਬਾਗ਼ੀਆਂ ਨੂੰ ਦਬਾਉਣ ਲਈ ਭੇਜਿਆ ਤਾਂ ਰਾਜਾ ਰਾਮ ਇਸ ਇਸ ਮੁਹਿੰਮ ਦੌਰਾਨ ਪਟਨੇ ਵਿੱਚ ਗੁਰੂ ਪਰਿਵਾਰ ਨੂੰ ਮਿਲਿਆ। ਉਸਨੇ ਬੰਗਾਲ ਵਿੱਚ ਗੁਰੂ ਜੀ ਨੂੰ ਇਸ ਮੁਹਿੰਮ ਵਿੱਚ ਨਾਲ ਜਾਣ ਦੀ ਬੇਨਤੀ ਕੀਤੀ ਸੀ ਤੇ ਗੁਰੂ ਸਾਹਿਬ ਮੰਨ ਗਏ। ਗੁਰੂ ਜੀ ਦੋਹਾਂ ਸੈਨਾਵਾਂ ਵਿੱਚ ਸੁਲਹ ਕਰਾਉਣ ਤੋਂ ਪਿਛੋਂ ਗੁਰੂ ਸਾਹਿਬ ਨੇ 1670 ਈ. ਵਿੱਚ ਵਾਪਸ ਚਾਲੇ ਪਾਏ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੂੰ ਔਰੰਗਜ਼ੇਬ ਨੇ ਯਾਤ੍ਰਾਵਾਂ ਤੋਂ ਵਾਪਸ ਆਉਣ ਉਪਰੰਤ ਵੀ ਨਜ਼ਰਬੰਦ ਕੀਤਾ ਸੀ। "1666 ਈ. ਤੋਂ 1670 ਈ. ਤੋਂ ਗੁਰੂ ਸਾਹਿਬ ਪੰਜਾਬ ਤੋਂ ਬਾਹਰ ਸਨ ਅਤੇ ਪ੍ਰਯਾਗ, ਬਨਾਰਸ, ਬੁੱਧ ਗਯਾ, ਪਟਨਾ, ਮੌਂਘੇਰ, ਮਾਲਦਾ, ਢਾਕਾ ਅਤੇ ਧੂਬਰੀ (ਅਸਾਮ) ਵਰਗੀਆਂ ਥਾਵਾਂ ਦਾ ਰਟਨ ਕਰ ਰਹੇ ਸਨ। 1670 ਈ. ਵਿੱਚ ਉਨ੍ਹਾਂ ਨੂੰ ਦਿੱਲੀ ਪਰਤਣ ਤੇ ਦੋ ਮਹੀਨੇ ਤੋਂ ਜ਼ਿਆਦਾ ਸਮੇਂ ਲਈ ਹਕੂਮਤ ਦੀ ਨਿਗਰਾਨੀ ਹੇਠ ਰੱਖਿਆ ਗਿਆ ਅਤੇ ਇਸ ਪਿਛੋਂ ਉਨ੍ਹਾਂ ਨੂੰ ਬਕਾਲੇ ਅਤੇ ਮਾਖੋਵਾਲ ਜਾਣ ਦੀ ਇਜਾਜ਼ਤ ਮਿਲੀ।"[10]

ਔਰੰਗਜ਼ੇਬ ਨੂੰ ਮੁਗਲ ਰਾਜ ਦੀ ਤਬਾਹੀ ਦਾ ਮੁਢ ਬੰਨਣ ਵਾਲਾ ਹੁਕਮਰਾਨ ਕਿਹਾ ਗਿਆ ਹੈ ਤਾਂ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ ਮੁਗਲ ਹਕੂਮਤ ਦੀ ਗਿਰਾਵਟ ਦੀ ਅਹਿਮ ਕੜੀ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ "ਗੁਰੂ ਜੀ ਦੀ ਸ਼ਹਾਦਤ ਪਿਛੋਂ ਇਕ ਤੂਫ਼ਾਨ ਉਠਿਆ, ਜੋ ਔਰੰਗਜ਼ੇਬ ਦੀ ਸਲਤਨਤ ਨੂੰ ਸੁੱਕੇ ਹੋਏ ਪੱਤੇ ਵਾਂਗ ਉਡਾ ਕੇ ਲੈ ਗਿਆ"[11] ਔਰੰਗਜ਼ੇਬ ਨੇ ਹਕੂਮਤ ਸੰਭਾਲਦਿਆਂ ਹੀ ਆਪਣੇ ਪਿਤਾ ਸ਼ਾਹਜਹਾਨ ਨੂੰ ਕੈਦ ਕਰ ਲਿਆ ਅਤੇ ਭਰਾਵਾਂ ਅਤੇ ਭਤੀਜਿਆਂ ਇਥੋਂ ਤੱਕ ਪੁੱਤਰਾਂ ਨੂੰ ਸਹਿਜੇ ਸਹਿਜੇ ਕਤਲ ਕਰਵਾ ਦਿੱਤਾ। 'ਸਰਮਦ' ਵਰਗਾ ਸੂਫ਼ੀ ਫ਼ਕੀਰ ਵੀ ਉਸਦੇ ਹੱਥੋਂ ਕਤਲ ਹੋਇਆ। ਉਸ ਦਾ ਜ਼ੁਲਮ ਦਾ ਸਿਖਰ ਤਾਂ ਇਥੋਂ ਤਕ ਗਿਆ ਸੀ ਕਿ ਉਸ ਨੇ ਆਪਣੇ ਭਰਾ ਦਾਰਾ ਸ਼ਿਕੋਹ ਦਾ ਸਿਰ ਤੋਹਫ਼ੇ ਵਜੋਂ ਪਿਤਾ ਸ਼ਾਹਜਹਾਨ ਨੂੰ ਪੇਸ਼ ਕਰਨਾ ਆਦਿ ਅਜਿਹੀਆਂ ਘਟਨਾਵਾ ਹਨ, ਜਿਹਨਾਂ ਕਰਕੇ ਇਸਲਾਮੀ ਦੁਨੀਆਂ ਵੀ ਔਰੰਗਜ਼ੇਬ ਤੋਂ ਖ਼ਫ਼ਾ ਸੀ। ਉਸਨੇ ਆਪਣੀਆਂ ਕਾਲੀਆਂ ਕਰਤੂਤਾਂ ਨੂੰ ਛੁਪਾਉਣ ਅਤੇ ਮੁਸਲਮਾਨਾਂ ਦੀ ਹਮਦਰਦੀ ਜਿੱਤਣ ਲਈ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦੀ ਮੁਹਿੰਮ ਚਲਾਈ। ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਉਣ ਕਾਰਨ ਉਸਦੇ ਪੂਰਵਜ ਅਕਬਰ ਨੇ ਆਪਣੀ ਮਿਲਵਰਤਨ ਦੀ ਨੀਤੀ ਸਦਕਾ ਹਿੰਦੂਆਂ ਵਿੱਚ ਜੋ ਸਤਿਕਾਰ ਬਣਾਇਆ, ਔਰੰਗਜ਼ੇਬ ਉਸਨੂੰ ਵੈਰ ਵਿੱਚ ਬਦਲਣ ਦਾ ਜ਼ਿੰਮੇਵਾਰ ਬਣ ਗਿਆ। ਉਸਨੇ 10-12 ਸਾਲ ਪੁਰਾਣੇ ਮੰਦਿਰ ਢਾਉਣ ਦੇ ਫ਼ੁਰਮਾਨ ਜਾਰੀ ਕਰ ਦਿੱਤੇ, ਗੁਜਰਾਤ ਦਾ ਪ੍ਰਸਿੱਧ 'ਚਿੰਤਾਮਨ' ਮੰਦਿਰ, ਮਥਰਾ ਦਾ 'ਕੇਸ਼ਵ' ਮੰਦਿਰ ਅਤੇ ਬਨਾਰਸ ਦਾ 'ਗੋਪੀ ਨਾਥ ਮੰਦਿਰ' ਆਦਿ ਢਾਹ ਕੇ ਉਥੇ ਮਸਜਿਦ ਦੀ ਉਸਾਰੀ ਕਰਵਾਉਣ ਦੇ

ਹੁਕਮ ਦੇ ਦਿੱਤੇ ਸਨ। ਗ਼ੈਰ ਮੁਸਲਮਾਨਾਂ ਨੂੰ ਧਰਮ ਪਰਿਵਰਤਨ ਲਈ ਮਜ਼ਬੂਰ ਕਰਨ ਲਈ ਜਜ਼ੀਆ ਕਰ ਲਗਾ ਦਿੱਤੇ। ਔਰੰਗਜ਼ੇਬ ਨੇ ਵੱਖ ਵੱਖ ਸੂਬਿਆਂ ਦੇ ਗਵਰਨਰਾਂ ਨੂੰ ਹੁਕਮ ਭੇਜ ਦਿੱਤੇ ਕਿ ਹਿੰਦੂਆਂ ਨੂੰ ਇਸਲਾਮ ਵਿੱਚ ਲਿਆਉਣ ਲਈ ਹੁਕਮ ਚਾੜ੍ਹੇ। ਉਸਨੇ ਸਭ ਤੋਂ ਪਹਿਲਾ ਇਹ ਕੰਮ ਕਸ਼ਮੀਰ ਤੋਂ ਸ਼ੁਰੂ ਕੀਤਾ ਸੀ ਇਸ ਪਿਛੇ ਜੋ ਕਾਰਨ ਇਹ ਦੱਸੇ ਗਏ ਹਨ "ਪਹਿਲਾ ਕਾਰਨ ਇੱਕ ਦਾ ਕਸ਼ਮੀਰ ਦੀ ਹੱਦ ਲਹਿੰਦੇ ਪਾਸੇ ਇਸਲਾਮੀ ਮੁਲਕਾਂ ਨੂੰ ਲੱਗਦੀ ਸੀ। ਔਰੰਗਜ਼ੇਬ ਨੇ ਸੋਚਿਆ ਕਿ ਇਕ ਪਾਸਿਉਂ ਸਾਰੀ ਵਸੋਂ ਨੂੰ ਮੁਸਲਮਾਨ ਬਣਾਉਣ ਨਾਲ, ਪਿਛੇ ਵਿਰੋਧ ਕਰਨ ਵਾਲਾ ਕੋਈ ਨਹੀਂ ਰਹੇਗਾ। ਨਾਲ ਇਸਲਾਮੀ ਮੁਲਕਾਂ ਦੀ ਹਮਾਇਤ ਵੀ ਹਾਸਿਲ ਹੋਵੇਗੀ। ਦੂਸਰਾ ਕਾਰਨ ਕਸ਼ਮੀਰ ਵਿੱਚ ਵਿਦਵਾਨ ਪੰਡਤਾਂ ਦੀ ਗਿਣਤੀ ਵਧੇਰੇ ਸੀ, ਕਸ਼ਮੀਰ ਨੂੰ ਹਿੰਦੂ ਸੱਭਿਅਤਾ ਦਾ ਘਰ ਮੰਨਿਆ ਜਾਂਦਾ ਸੀ। ਜੇ ਇਹ ਵਿਦਵਾਨ ਤਬਕਾ ਮੁਸਲਮਾਨ ਬਣਾ ਲਿਆ ਜਾਵੇ ਤਾਂ ਇਹ ਇਸਲਾਮ ਦੇ ਵੱਡੇ ਪ੍ਰਚਾਰਕ ਸਿੱਧ ਹੋਣਗੇ।"[12] ਉਸ ਵੇਲੇ ਕਸ਼ਮੀਰ ਵਿੱਦਿਆ ਦਾ ਕੇਂਦਰ ਸੀ। ਕਸ਼ਮੀਰ ਦੀ ਹਾਕਮ ਸ਼ੇਰ ਅਫ਼ਗਾਨ ਖ਼ਾ ਬੜਾ ਸਖ਼ਤ ਸੂਭਾ ਦਾ ਮਾਲਕ ਸੀ। ਉਸਨੇ ਕਸ਼ਮੀਰ ਵਿੱਚ ਬੜੇ ਅਕਹਿ ਅਤੇ ਅਸਹਿ ਜ਼ੁਲਮ ਸ਼ੁਰੂ ਕਰ ਦਿੱਤੇ ਸਨ।

ਦੂਜੇ ਪਾਸੇ ਗੁਰੂ ਤੇਗ਼ ਬਹਾਦਰ ਜੀ ਵੀ ਮੁਗਲ ਸਲਤਨਤ ਦੀ ਨਜ਼ਰ ਹੇਠ ਸਨ। ਗੁਰੂ ਸਾਹਿਬ ਦੇ ਪੂਰਬ, ਬੰਗਾਲ ਅਤੇ ਆਸਾਮ ਦੇ ਦੌਰਿਆਂ ਦੀਆਂ ਰਿਪੋਰਟਾਂ ਨਾਲੋਂ ਨਾਲ ਔਰੰਗਜ਼ੇਬ ਕੋਲ ਪੁਜ ਰਹੀਆਂ ਸਨ, ਜਿਸ ਤੋਂ ਉਸ ਨੇ ਅੰਦਾਜ਼ਾ ਲਗਾ ਲਿਆ ਸੀ ਕਿ ਗੁਰੂ ਜੀ ਦਾ ਲੋਕਾਂ ਉਪਰ ਅਸਰ ਰਸੂਖ਼ ਕਿਸੇ ਵੇਲੇ ਵੀ ਬਗਾਵਤ ਦਾ ਰੂਪ ਧਾਰ ਕੇ ਉਸਦੀ ਨੀਂਦ ਹਰਾਮ ਕਰ ਸਕਦਾ ਹੈ। ਔਰੰਗਜ਼ੇਬ ਸਾਰੇ ਹਿੰਦੋਸਤਾਨ ਨੂੰ ਇਕ ਧਰਮ ਇਸਲਾਮ ਦਾ ਪੈਰੋਕਾਰ ਬਣਾਉਣਾ ਚਾਹੁੰਦਾ ਸੀ ਤਾਂ ਅਜਿਹੇ ਮਾਹੌਲ ਵਿੱਚ ਮਾਨਵਵਾਦੀ ਧਰਮ ਨੂੰ ਦ੍ਰਿੜ ਕਰਵਾਉਣ ਵਾਲੇ ਗੁਰੂ ਤੇਗ਼ ਬਹਾਦਰ ਜੀ ਚੁੱਪ ਕਿਵੇਂ ਬੈਠ ਸਕਦੇ ਸਨ ? ਇਹ ਨਜ਼ਰ ਹੀ ਉਨ੍ਹਾਂ ਇਤਿਹਾਸਕ ਹਾਲਾਤ ਨੂੰ ਸਿਰਜਦੀ ਹੈ ਜਿਹੜੀ ਉਨ੍ਹਾਂ ਨੂੰ ਸ਼ਹੀਦੀ ਤੱਕ ਲਿਜਾਂਦੀ ਹੈ। ਸੋ ਇਸ ਦੀ ਚਰਮਸੀਮਾ ਉਹ ਘਟਨਾ ਬਣਦੀ ਹੈ ਜਦੋਂ ਕਸ਼ਮੀਰ ਦੇ ਗਵਰਨਰ ਨੇ ਔਰੰਗਜ਼ੇਬ ਦੇ ਹੁਕਮ ਦੀ ਪਾਲਣਾ ਕਰਦਿਆਂ ਹਿੰਦੂ ਉੱਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾ ਦੇ ਪੂਜਾ ਸਥਾਨ ਮੰਦਰ ਢਾਹੇ, ਮੂਰਤੀਆਂ ਤੋੜੀਆਂ, ਜੇਨਊ ਲੁਹਾ ਦਿੱਤੇ। ਜਿਹੜੇ ਇਸਲਾਮ ਧਰਮ ਨਾ ਕਬੂਲ ਕਰਦੇ ਉਹਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ।

ਕਸ਼ਮੀਰ ਦੀ ਅਜਿਹੀ ਸਥਿਤੀ ਦਾ ਮੁਕਾਬਲਾ ਕਰਨ ਲਈ ਵੱਖ ਵੱਖ ਪ੍ਰਾਂਤਾਂ ਦੇ ਆਗੂ ਬ੍ਰਾਹਮਣਾ ਦਾ ਇਕ ਜੱਥਾ ਬਣਾਇਆ ਗਿਆ ਜਿਸ ਦੀ ਅਗਵਾਈ ਕਸ਼ਮੀਰੀ ਪੰਡਿਤ ਕਿਰਪਾ ਰਾਮ ਜੋ ਗੁਰੂ ਤੇਗ਼ ਬਹਾਦਰ ਜੀ ਦੇ ਦਿੱਲੀ ਕੂਚ ਕਰਨ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੇ ਅਧਿਆਪਕ ਅਤੇ ਪਰਵਰਿਸ਼ ਦੀ ਜ਼ਿੰਮੇਵਾਰੀ ਲੈਂਦੇ ਹਨ। ਬਾਅਦ ਵਿੱਚ 1699 ਈ. ਵਿੱਚ ਅੰਮ੍ਰਿਤ ਛਕ ਕੇ ਕਿਰਪਾ ਸਿੰਘ ਬਣ ਜਾਂਦੇ ਹਨ ਅਤੇ ਗੁਰੂ ਜੀ ਦੇ ਵੱਡੇ ਸਾਹਿਬਜ਼ਾਦਿਆਂ ਨਾਲ

ਚਮਕੌਰ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕਰ ਲੈਂਦੇ ਹਨ। ਇਸ ਜ਼ੁਲਮ ਤੋਂ ਬਚਣ ਲਈ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਕਿਸੇ ਉਪਰਾਲੇ ਦੀ ਤਲਾਸ਼ ਕਰਨੀ ਸ਼ੁਰੂ ਕਰ ਦਿੱਤੀ। ਕਾਫ਼ੀ ਸੋਚ ਵਿਚਾਰ ਤੋਂ ਬਾਅਦ ਇਹ ਤੈਅ ਹੋਇਆ ਕਿ ਆਨੰਦਪੁਰ ਸਾਹਿਬ ਗੁਰੂ ਤੇਗ਼ ਬਹਾਦਰ ਜੀ ਕੋਲ ਜਾ ਕੇ ਫ਼ਰਿਆਦ ਕੀਤੀ ਜਾਵੇ ਕਿਉਂਕਿ ਇਹੋ ਇਕ ਘਰਾਣਾ ਗਰੀਬਾਂ ਲਿਤਾੜੇ ਵਿਅਕਤੀਆਂ ਦੀ ਹਮਾਇਤ ਲਈ ਨਿਤਰਦਾ ਆਇਆ ਹੈ। ਇਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੰਡਿਤ ਕਿਰਪਾ ਰਾਮ ਅਗਵਾਈ ਵਿੱਚ ਪੰਜ ਸੌ ਤੋਂ ਵੱਧ ਕਸ਼ਮੀਰੀ ਪੰਡਿਤ ਗੁਰੂ ਤੇਗ਼ ਬਹਾਦਰ ਜੀ ਕੋਲ ਹੀ ਕਿਉਂ ਆਏ ? ਕੀ ਉਹਨਾਂ ਕੋਲ ਕੋਈ ਹਿੰਦੂ ਰਾਜਾ ਨਹੀਂ ਸੀ। ਅਸਲ ਵਿੱਚ ਜਦੋਂ ਔਰੰਗਜ਼ੇਬ ਅੱਤਿਆਚਾਰ ਕਰ ਰਿਹਾ ਹੁੰਦਾ ਹੈ ਉਸ ਵੇਲੇ ਗੁਰੂ ਤੇਗ਼ ਬਹਾਦਰ ਜੀ ਨਿਡਰ ਹੋ ਕੇ ਸਿੱਖੀ ਦਾ ਪ੍ਰਚਾਰ ਕਰ ਰਹੇ ਹੁੰਦੇ ਹਨ। ਗੁਰੂ ਤੇਗ਼ ਬਹਾਦਰ ਜੀ ਆਪਣੀ ਜਵਾਨੀ ਵਿੱਚ ਪੈਰ ਧਰਨ ਵੇਲੇ ਤੱਕ ਅਧਿਆਤਮਕ ਅਤੇ ਵਿਵਹਾਰਿਕ ਜੀਵਨ ਦੇ ਅਨੇਕ ਪੱਖਾਂ ਅਤੇ ਸਮੇਂ ਦੀ ਸਿਆਸਤ ਬਾਰੇ ਡੂੰਘਾ ਅਨੁਭਵ ਰੱਖਦੇ ਸਨ। ਸਭ ਜਾਣਦੇ ਸਨ ਕਿ ਗੁਰੂ ਜੀ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ। ਆਪਣੀ ਪਰੰਪਰਾ ਵਿਚੋਂ ਜਾਂ ਆਪਣੇ ਦਾਦੇ ਦੇ ਰਾਹਾਂ ਤੇ ਚਲਦੇ ਉਹਨਾਂ ਦੀ ਦੀਨ ਦੁਖੀਆਂ ਲਈ ਆਪਾ ਵਾਰੂ ਹਮਦਰਦੀ ਨੇ ਉਹਨਾਂ ਨੂੰ ਸਭ ਦੀਆਂ ਉਮੀਦਾਂ ਦਾ ਕੇਂਦਰ ਬਣਾ ਦਿੱਤਾ ਸੀ। ਤਾਂ ਹੀ ਕਸ਼ਮੀਰੀ ਪੰਡਤ ਉਹਨਾਂ ਕੋਲ ਫ਼ਰਿਆਦ ਲੈ ਕੇ ਆਉਂਦੇ ਹਨ। ਇਸ ਕਰਕੇ ਉਹ ਦਿੱਲੀ ਜਾ ਕੇ ਉਹਨਾਂ ਲਈ ਬਲਿਦਾਨ ਦਿੰਦੇ ਹਨ ਹੁਣ ਇਥੇ ਇਸ ਦਾ ਮਤਲਬ ਇਹ ਵੀ ਨਹੀਂ ਕਿ ਉਹ ਮੁਸਲਮਾਨਾਂ ਨਾਲ ਨਫ਼ਰਤ ਕਰਦੇ ਹਨ ਉਹਨਾਂ ਦੀ ਲੜਾਈ ਸਿਰਫ਼ ਤੇ ਸਿਰਫ਼ ਮਨੁੱਖ ਦੀ ਆਜ਼ਾਦੀ ਅਤੇ ਜ਼ਬਰ ਜ਼ੁਲਮ ਖਿਲਾਫ਼ ਸੀ ਭਾਵੇਂ ਉਹ ਮੁਸਲਮਾਨਾਂ ਲਈ ਹੀ ਕਿਉਂ ਨਾ ਹੁੰਦਾ। ਗੁਰੂ ਸਾਹਿਬ ਸਾਰੇ ਜਾਣਦੇ ਸੀ ਉਹਨਾਂ ਨੇ ਆਨੰਦਪੁਰ ਸਾਹਿਬ ਆ ਕੇ ਆਪਣੀ ਸਾਰੀ ਦਰਦ ਕਹਾਣੀ ਸੁਣਾਈ ਅਤੇ ਆਪਣੇ ਧਰਮ ਦੇ ਬਚਾਉਣ ਦੀ ਬੇਨਤੀ ਕੀਤੀ ਕੱਟੜ ਨੀਤੀ ਤੋਂ ਬਚਾਉਣ ਲਈ ਅਰਜ਼ੋਈ ਲੈ ਕੇ ਪਹੁੰਚੇ। ਇਸ ਅਰਜ਼ੋਈ ਨੂੰ ਲੈ ਕੇ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਸਲਤਨਤ ਨਾਲ ਗੱਲ ਕਰਨੀ ਚਾਹੀ ਅਤੇ ਆਪਣੇ ਨਾਲ ਦੀਵਾਨ ਭਾਈ ਦਿਆਲਾ ਜੀ, ਭਾਈ ਮਤੀ ਦਾਸ ਰਸੋਈਆ ਅਤੇ ਭਾਈ ਸਤੀ ਦਾਸ ਜੀ ਨੂੰ ਲੈ ਕੇ ਦਿੱਲੀ ਲਈ ਚੱਲ ਪਏ। ਰਸਤੇ ਵਿਚੋਂ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਔਰੰਗਜ਼ੇਬ ਦੇ ਹੁਕਮ ਨਾਲ ਗੁਰੂ ਤੇਗ਼ ਬਹਾਦਰ ਦਾ ਦਿਲ ਡਰਾਉਣ ਅਤੇ ਮੌਤ ਦੇ ਖ਼ੌਫਨਾਕ ਅੰਜਾਮ ਤੋਂ ਅਗਾਂਹ ਕਰਨ ਲਈ ਭਾਈ ਮਤੀ ਦਾਸ ਨੂੰ ਆਰੇ ਨਾਲ, ਭਾਈ ਦਿਆਲਾ ਨੂੰ ਉਬਲਦੀ ਦੇਗ਼ ਵਿਚ ਅਤੇ ਭਾਈ ਸਤੀ ਦਾਸ ਜੀ ਨੂੰ ਟੋਟੇ ਟੋਟੇ ਬਾਅਦ ਵਿੱਚ ਰੂੰ ਚ' ਲਪੇਟ ਕੇ ਅੱਗ ਲਗਾ ਦਿੱਤੀ। ਇਸ ਤਰ੍ਹਾਂ ਉਹਨਾਂ ਨੂੰ ਗ਼ੈਰ-ਮਨੁੱਖੀ ਤੇ ਭੈਅਭੀਤ ਕਰਨ ਵਾਲੇ ਤਸ਼ੱਦਦ ਨਾਲ ਸ਼ਹੀਦ ਕੀਤਾ ਗਿਆ ਅਜਿਹਾ ਕਰਨ ਵਿੱਚ ਉਸਦਾ ਮਕਸਦ ਗੁਰੂ ਤੇਗ਼ ਬਹਾਦਰ ਜੀ ਦੇ ਅਡੋਲ ਤੇ ਅਟੱਲ ਫ਼ੈਸਲੇ ਤੋਂ ਉਨ੍ਹਾਂ ਨੂੰ ਉਸਾਉਣਾ ਸੀ। ਆਖਿਰ ਅਗਲੇ ਦਿਨ 11 ਨਵੰਬਰ

1675 ਨੂੰ ਚਾਂਦਨੀ ਚੌਂਕ ਦਿੱਲੀ ਵਿਚ ਜਿਥੇ ਗੁਰਦੁਆਰਾ ਸੀਸ ਗੰਜ ਸਥਿਤ ਹੈ, ਬਾਦਸ਼ਾਹ ਦੇ ਹੁਕਮ ਨਾਲ ਗੁਰੂ ਜੀ ਦਾ ਸੀਸ ਸਮਾਣੇ ਦੇ ਜਲਾਲ ਦੀਨ ਨਾਂ ਦੇ ਜੱਲਾਦ ਨੇ ਤਲਵਾਰ ਖਿੱਚ ਕੇ ਧੜ ਤੋਂ ਵੱਖ ਕਰ ਦਿੱਤਾ।

ਹੁਣ ਜੇਕਰ ਅਸੀਂ ਇਹ ਮੰਨੀਏ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਕਾਰਨ ਕਸ਼ਮੀਰੀ ਪੰਡਤਾਂ ਦੀ ਘਟਨਾ ਹੀ ਸੀ ਤਾਂ ਅਸੀਂ ਗਲਤ ਹੈ ਇਹ ਸਿਰਫ਼ ਫੌਰੀ ਕਾਰਨ ਸੀ ਜਿਵੇਂ ਅਸੀਂ ਪਹਿਲਾ ਵੀ ਦੱਸਿਆ ਹੈ ਕਿ ਮੁਗਲ ਸਲਤਨਤ ਨਾਲ ਟੱਕਰ ਤਾਂ ਗੁਰੂ ਤੇਗ਼ ਬਹਾਦਰ ਜੀ ਦੀ ਗੁਰਗੱਦੀ ਵਾਲੇ ਦਿਨ ਹੀ ਆਰੰਭ ਹੋ ਚੁੱਕੀ ਸੀ। ਕਸ਼ਮੀਰੀ ਪੰਡਤਾਂ ਵਾਲੀ ਘਟਨਾ ਤੋਂ ਪਹਿਲਾ ਵੀ ਗੁਰੂ ਸਾਹਿਬ ਨੂੰ ਵਾਰ ਵਾਰ ਫੜਨਾ, ਯਾਤ੍ਰਾ ਦੌਰਾਨ ਪੂਰੀ ਰਿਪੋਰਟ ਰੱਖਣੀ, ਮਹੀਨਿਆ ਬੱਧੀ ਰਿਹਾਸਤ ਵਿਚ ਰੱਖਣਾ ਵਿਦਰੋਹੀ ਸਿੱਖ ਪਰੰਪਰਾ ਖਿਲਾਫ਼ ਕਾਰਵਾਈਆਂ ਸਨ। ਆਖਿਰ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਇਨ੍ਹਾਂ ਕਾਰਵਾਈਆਂ ਦਾ ਸਿਖ਼ਰ ਸੀ।

ਗੁਰੂ ਜੀ ਨਿਰਭੈਤਤਾ ਦੀ ਪਰਖ ਵੀ ਉਹ ਆਪਣੇ ਆਪ ਤੇ ਕਰਕੇ ਦਿਖਾਉਂਦੇ ਹਨ ਜਦੋਂ ਆਪ ਕਰਤਾਰਪੁਰ ਦੀ ਜੰਗ ਤੋਂ ਲੈ ਕੇ ਸ਼ਹਾਦਤ ਤੱਕ ਅਸਹਿ ਅਤੇ ਅਕਹਿ ਕਸਟਾਂ ਦਾ ਸਾਹਮਣਾ ਕਰਦੇ ਹੋਏ ਅਜਿਹੀ ਨਿਡਰਤਾ ਦਾ ਸਬੂਤ ਦਿੰਦੇ ਹਨ ਜਿਸ ਦੀ ਮਿਸਾਲ ਦੁਨੀਆਂ ਵਿੱਚ ਕਿਧਰੇ ਵੀ ਨਹੀਂ ਮਿਲਦੀ। ਉਹਨਾ ਦੀ ਬਾਣੀ ਵਿਚਲਾ ਸਿਰਜਤ ਯੋਧਾ ਵੀ ਆਤਮਿਕ ਬਹਾਦਰੀ ਦਾ ਪ੍ਰਤੀਕ ਹੈ, ਸਮਦਰਸ਼ੀ ਹੈ। ਉਹ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਡਰਾਉਂਦਾ ਹੈ ਗੁਰੂ ਆਪਣੇ ਸਰੋਤੇ ਨੂੰ ਭੈ ਮੁਕਤ ਹੋਣ ਦਾ ਆਦਰਸ਼ ਪ੍ਰਦਾਨ ਕਰਦੇ ਹਨ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।।

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।।[13]

ਗੁਰੂ ਸਾਹਿਬਾਨਾਂ ਤੋਂ ਬਾਅਦ ਸਿੱਖ ਧਰਮ ਦਾ ਜੋ ਰੂਪ ਉਭਰਿਆ ਉਸ ਦੇ ਬੀਜ ਗੁਰੂ ਨਾਨਕ ਦੇਵ ਜੀ ਦੀ ਫ਼ਿਲਾਸਫ਼ੀ ਵਿਚ ਹਨ ਅਤੇ ਉਹ ਬੀਜ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨਾਲ ਅੰਕਰਿਤ ਹੋ ਕੇ ਮਗਰਲੇ ਸਮੇਂ ਤੱਕ ਪੁਜਦਿਆਂ ਇਕ ਪੂਰਨ ਰੁਖ ਦਾ ਰੂਪ ਅਖਤਿਆਰ ਕਰਦੇ ਹਨ। ਇਸੇ ਰੁਖ ਦੀ ਨੁਮਾਇੰਦਗੀ ਕਰਨ ਵਾਲੇ ਸਿੱਖ ਧਰਮ ਦੇ ਅਨੁਯਾਈ ਸੇਵਕ ਅੱਜ ਵੀ ਧਰਮ, ਜਾਤ, ਖਿੱਤੇ ਦੀ ਪ੍ਰਵਾਹ ਕੀਤੇ ਬਗੈਰ ਹਰ ਬਿਪਤਾ ਵਿੱਚ ਬਿਨ੍ਹਾਂ ਕਿਸੇ ਡਰ ਭੈਅ ਦੇ ਆਪਣਾ ਆਪਾਂ ਵਾਰਨ ਲਈ ਤਿਆਰ ਹੋ ਜਾਂਦੇ ਹਨ। ਇਸ ਤਰ੍ਹਾਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਕਤ ਤੋਂ ਹੀ ਸ਼ੁਰੂ ਹੋਏ ਸਭਿਆਚਾਰ ਪ੍ਰਤੀਰੋਧ ਦੇ ਸਿਖਰ ਤੇ ਪੁੱਜਣ ਦਾ ਨਤੀਜਾ ਕਿਹਾ ਜਾ ਸਕਦਾ ਹੈ।

## ਹਵਾਲੇ

1. ਸੈਨਾਪਤਿ, ਸ੍ਰੀ ਗੁਰੂ ਸੋਭਾ (ਸੰਪਾ. ਗੰਢਾ ਸਿੰਘ), ਪੰਨਾ 62

2. ਗੁਰੂ ਗੋਬਿੰਦ ਸਿੰਘ ਜੀ, ਬਚਿੱਤਰ ਨਾਟਕ, ਜਿ.13-16

3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1380

4. ਉਹੀ, ਪੰਨਾ 1105

5. ਉਹੀ, ਪੰਨਾ 1412

6. ਉਹੀ, ਪੰਨਾ 722

7. ਸੰਪਾ. ਦੀਵਾਨ ਸਿੰਘ, ਗੁਰੂ ਤੇਗ਼ ਬਹਾਦਰ ਚਿੰਤਨ,ਕਲਾ ਤੇ ਬਾਣੀ, ਪੰਨਾ 12

8. ਭਾਈ ਸਵਰੂਪ ਸਿੰਘ ਕੌਸ਼ਿਸ਼, ਗੁਰੂ ਦੀਆਂ ਸਾਖੀਆਂ (ਸੰਪਾ. ਪਿਆਰਾ ਸਿੰਘ ਪਦਮ), ਪੰਨਾ 73-74

9. ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ (ਸੰਪਾ. ਗੁਰਮੁਖ ਸਿੰਘ), ਪੰਨਹ 96-97

•. 10. ਸੰਪਾ. ਦੀਵਾਨ ਸਿੰਘ, ਗੁਰੂ ਤੇਗ਼ ਬਹਾਦਰ ਚਿੰਤਨ,ਕਲਾ ਤੇ ਬਾਣੀ, ਪੰਨਾ 13

AA. Pro. Puran Singh, The Book Of The Ten Masters, p 96

12. ਸੋਹਣ ਸਿੰਘ ਸ਼ੀਤਲ, ਲਾਸਾਨੀ ਸ਼ਹੀਦ ਗੁਰੂ ਤੇਗ਼ ਬਹਾਦਰ ਜੀ, ਪੰਨਾ 90

13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1427

**Copyright & License:**
© Authors retain the copyright of this article. This work is published under the Creative Commons Attribution 4.0 International License (CC BY 4.0), permitting unrestricted use, distribution, and reproduction in any medium, provided the original work is properly cited.